Surrey Schools
LEADERSHIP IN LEARNING

Tel: 604.596.7733
www.surreyschools.ca

# ਫਾਊਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ)

(Foundation Skills Assessment)

**ਫਾਊਂਡੇਸ਼ਨ ਸਕਿਲਜ਼ ਅਸੈੱਸਮੈਂਟ (ਇਮਤਿਹਾਨ) ਕੀ ਹੈ?**

ਬੀ ਸੀ ਦੇ ਗ੍ਰੇਡ 4 ਅਤੇ 7 ਦੇ ਸਾਰੇ ਵਿਦਿਆਰਥੀ ਫਾਊਂਡੇਸ਼ਨ ਸਕਿਲਜ਼ ਅਸੈੱਸਮੈਂਟ (ਐੱਫ ਐੱਸ ਏ) ਵਿੱਚ ਹਿੱਸਾ ਲੈਂਦੇ ਹਨ। ਇਹ ਅਸੈੱਸਮੈਂਟ ਵਿਦਿਆਰਥੀਆਂ ਦਾ ਪੜ੍ਹਨ, ਲਿਖਣ ਅਤੇ ਹਿਸਾਬ ਵਿੱਚ ਸਲਾਨਾ ਇਮਤਿਹਾਨ ਹੈ। ਇਹ ਇਮਤਿਹਾਨ ਸੂਬਾਈ ਪਾਠਕ੍ਰਮ ’ਤੇ ਆਧਾਰਿਤ ਹੁੰਦੇ ਹਨ ਅਤੇ ਕਲਾਸ ਦੇ ਅਧਿਆਪਕਾਂ ਵੱਲੋਂ ਤਿਆਰ ਕੀਤੇ ਜਾਂਦੇ ਹਨ। ਇਸ ਅਸੈੱਸਮੈਂਟ (ਇਮਤਿਹਾਨ) ਦਾ ਮੁੱਖ ਮਕਸਦ ਵਿਦਿਆ ਦੇ ਮਹਿਕਮੇ, ਸਕੂਲ ਜ਼ਿਲ੍ਹਿਆਂ ਅਤੇ ਸਕੂਲਾਂ ਦੀ ਇਹ ਜਾਣਨ ਵਿੱਚ ਮਦਦ ਕਰਨਾ ਹੈ ਕਿ ਵਿਦਿਆਰਥੀ ਪੜ੍ਹਾਈ ਦੇ ਮੁੱਖ ਵਿਸ਼ਿਆਂ ਵਿੱਚ ਕਿਸ ਤਰ੍ਹਾਂ ਤਰੱਕੀ ਕਰ ਰਹੇ ਹਨ। ਇਹ ਜਾਣਕਾਰੀ ਮਹਿਕਮੇ, ਜ਼ਿਲ੍ਹੇ ਅਤੇ ਸਕੂਲਾਂ ਵੱਲੋਂ ਸੁਧਾਰ ਕਰਨ ਦੀ ਵਿਉਂਤ ਬਣਾਉਣ ਵਿੱਚ ਵਰਤੀ ਜਾਂਦੀ ਹੈ।

ਐੱਫ ਐੱਸ ਏ ਇਹ ਦੱਸਦੀ ਹੈ ਕਿ ਸਮੇਂ ਦੇ ਇਕ ਖਾਸ ਪੜਾਅ ’ਤੇ ਵਿਦਿਆਰਥੀਆਂ ਨੇ ਮਹੱਤਵਪੂਰਨ ਮੁੱਢਲੀਆਂ ਜਾਚਾਂ ਨੂੰ ਕਿੰਨੀ ਚੰਗੀ ਤਰ੍ਹਾਂ ਸਿੱਖਿਆ ਹੈ। ਇਸ ਜਾਣਕਾਰੀ ਦੀ ਸੁਚੱਜੀ ਵਰਤੋਂ ਟੀਚਰ ਦੇ ਮੁੱਲਾਂਕਣ ਅਤੇ ਸਕੂਲ ਦੀ ਹੋਰ ਜਾਣਕਾਰੀ ਨਾਲ ਮਿਲਾ ਕੇ ਕੀਤੀ ਜਾਂਦੀ ਹੈ।

**ਐੱਫ ਐੱਸ ਏ ਦੇ ਨਤੀਜਿਆਂ ਬਾਰੇ ਕਦੋਂ ਪਤਾ ਲੱਗਦਾ ਹੈ?**

ਮੌਜੂਦਾ ਸਕੂਲ ਦੌਰਾਨ ਐੱਫ ਐੱਸ ਏ ਅਕਤੂਬਰ ਅਤੇ ਨਵੰਬਰ ਵਿੱਚ ਲਿਖੇ ਜਾਣਗੇ। ਸਕੂਲ ਸਾਲ ਦੇ ਅੰਤ ਤੱਕ, ਇਨ੍ਹਾਂ ਦੇ ਜ਼ਿਲ੍ਹੇ ਅਤੇ ਸਕੂਲ ਪੱਧਰ ਦੇ ਨਤੀਜੇ ਸਕੂਲਾਂ ਅਤੇ ਆਮ ਲੋਕਾਂ ਨੂੰ ਮਿਲ ਸਕਣਗੇ। **ਜਵਾਬ ਦੇਣ ਵਾਲੀਆਂ ਕਾਪੀਆਂ ਸਮੇਤ ਇਕੱਲੇ ਇਕੱਲੇ ਵਿਦਿਆਰਥੀ ਦੇ ਨਤੀਜੇ ਦਸੰਬਰ ਦੇ ਅਖੀਰ ਤੱਕ ਵਿਦਿਆਰਥੀਆਂ ਕੋਲ ਘਰਾਂ ਨੂੰ ਭੇਜੇ ਜਾਣਗੇ। ਇਸ ਨਾਲ ਮਾਪਿਆਂ ਨੂੰ ਇਮਤਿਹਾਨ ਦੀਆਂ ਕਾਪੀਆਂ ਅਤੇ ਉਨ੍ਹਾਂ ਦੇ ਬੱਚਿਆਂ ਵੱਲੋਂ ਲਿਖੇ ਜਵਾਬ ਦੇਖਣ ਦਾ ਮੌਕਾ ਮਿਲੇਗਾ।** ਇਹ ਤੁਹਾਡੇ ਬੱਚੇ ਦੀ ਯੋਗਤਾ ਦੀ ਚਲੰਤ ਤਸਵੀਰ (ਸਨੈਪਸ਼ਾਟ) ਹੀ ਦਿਖਾਉਂਦਾ ਹੈ ਅਤੇ ਉਸ ਦੀ ਮੁਕੰਮਲ ਕਾਬਲੀਅਤ ਦੀ ਤਸਵੀਰ ਪੇਸ਼ ਨਹੀਂ ਕਰਦਾ। ਬੱਚੇ ਦੀ ਕਾਬਲੀਅਤ ਦੀ ਮੁਕੰਮਲ ਜਾਣਕਾਰੀ ਉਸ ਦੇ ਅਧਿਆਪਕ ਤੋਂ ਹੀ ਮਿਲ ਸਕਦੀ ਹੈ।

**ਕੀ ਐੱਫ ਐੱਸ ਏ ਨੂੰ ਬੱਚੇ ਦੇ ਨੰਬਰਾਂ ਲਈ ਗਿਣਿਆ ਜਾਂਦਾ ਹੈ?**

ਨਹੀਂ। ਇਹ ਨਤੀਜੇ ਇਕ ਖਾਸ ਪੜਾਅ ’ਤੇ ਬੱਚੇ ਦੀ ਨਿਪੁੰਨਤਾ ਬਾਰੇ ਜਾਣਕਾਰੀ ਦਿੰਦੇ ਹਨ। ਇਨ੍ਹਾਂ ਦਾ ਕਿਸੇ ਖਾਸ ਵਿਸ਼ੇ ਜਾਂ ਗ੍ਰੇਡ ਦੇ ਪੱਧਰ ਦੇ ਨੰਬਰਾਂ ਨਾਲ ਕੋਈ ਸੰਬੰਧ ਨਹੀਂ ਹੁੰਦਾ, ਪਰ ਇਹ ਗ੍ਰੇਡਾਂ ਅਤੇ ਪਾਠਕ੍ਰਮ ਦੇ ਖੇਤਰਾਂ ਵਿੱਚ ਬੁਨਿਆਦੀ ਨਿਪੁੰਨਤਾ ਦੇ ਵਿਕਾਸ ਵਿੱਚ ਕੀਤੀ ਤਰੱਕੀ ਨੂੰ ਦਿਖਾਉਂਦੇ ਹਨ। ਉਦਾਹਰਨ ਲਈ, ਵਿਦਿਆਰਥੀ ਬੋਲੀ ਦੀਆਂ ਕਲਾਵਾਂ ਵਿੱਚ ਪੜ੍ਹਨ ਦੇ ਨਾਲ ਨਾਲ ਸਾਇੰਸ ਅਤੇ ਸੋਸ਼ਲ ਸਟੱਡੀਜ਼ (ਸਮਾਜਕ ਪੜ੍ਹਾਈ) ਵਿੱਚ ਪੜ੍ਹਦੇ ਹਨ ਅਤੇ ਉਹ ਹਿਸਾਬ ਤੋਂ ਬਿਨਾਂ ਹੋਰ ਸਰਗਰਮੀਆਂ ਜਾਂ ਵਿਸ਼ਿਆਂ ਵਿੱਚ ਨੰਬਰ ਵਰਤਦੇ ਹਨ।

**ਐੱਫ ਐੱਸ ਏ ਕੌਣ ਲਿਖਦਾ ਹੈ?**

ਗ੍ਰੇਡ 4 ਅਤੇ 7 ਦੇ ਸਾਰੇ ਵਿਦਿਆਰਥੀਆਂ ਤੋਂ ਐੱਫ ਐੱਸ ਏ ਲਿਖਣ ਦੀ ਆਸ ਕੀਤੀ ਜਾਂਦੀ ਹੈ। ਸਿਰਫ ਅੱਗੇ ਦਿੱਤੇ ਵਿਦਿਆਰਥੀਆਂ ਨੂੰ ਛੋਟ ਹੈ: ਏ) ਪੜ੍ਹਾਈ ਦੀ ਨਿੱਜੀ ਵਿਉਂਤ (ਇਨਡਿਵਿਜੂਅਲ ਐਜੂਕੇਸ਼ਨ ਪਲੈਨ – ਆਈ ਈ ਪੀਜ਼) ਵਾਲੇ ਵਿਦਿਆਰਥੀ, ਜਿਸ ਵਿੱਚ ਉਹਨਾਂ ਦੀ ਪੜ੍ਹਨ, ਲਿਖਣ ਅਤੇ ਹਿਸਾਬ ਵਿੱਚ ਕਾਰਗੁਜਾਰੀ ’ਤੇ ਮਹੱਤਵਪੂਰਨ ਅਸਰ ਪਾਉਣ ਵਾਲੀ ਅਪਾਹਜਤਾ ਬਾਰੇ ਦੱਸਿਆ ਗਿਆ ਹੁੰਦਾ ਹੈ; ਬੀ ) ਆਈ ਈ ਪੀਜ਼ ਵਾਲੇ ਉਹ ਵਿਦਿਆਰਥੀ ਜਿਨ੍ਹਾਂ ਨੂੰ ਬਹੁਤ ਜ਼ਿਆਦਾ ਮਦਦ (ਜਿਵੇਂ ਪੜ੍ਹਨ ਵਾਲਿਆਂ, ਲਿਖਣ ਵਾਲਿਆਂ) ਦੀ ਲੋੜ ਹੁੰਦੀ ਹੈ; ਜਾਂ ਸੀ) ਈ ਐੱਸ ਐੱਲ ਦੇ ਉਹ ਵਿਦਿਆਰਥੀ ਜਿਹੜੇ ਅਜੇ ਅਰਥ ਭਰਪੂਰ ਜੁਆਬ ਲਿਖਣ ਲਈ ਲੋੜੀਂਦੀ ਕਾਬਲੀਅਤ ਦੇ ਪੱਧਰ ’ਤੇ ਨਹੀਂ ਪਹੁੰਚੇ ਹੁੰਦੇ। ਇਹ ਛੋਟ ਕਿਸ ਵਿਦਿਆਰਥੀ ਨੂੰ ਮਿਲੇਗੀ, ਇਸ ਗੱਲ ਦਾ ਫੈਸਲਾ ਪ੍ਰਿੰਸੀਪਲ ਕਰਦੇ ਹਨ। ਜੇ ਇਹ ਸਿਫਾਰਿਸ਼ ਕੀਤੀ ਗਈ ਹੋਵੇ ਕਿ ਤੁਹਾਡੇ ਬੱਚੇ ਨੂੰ ਇਕ ਜਾਂ ਜ਼ਿਆਦਾ ਹਿੱਸੇ ਵਿੱਚ ਛੋਟ ਦਿੱਤੀ ਜਾਵੇਗੀ, ਤਾਂ ਐੱਫ ਐੱਸ ਏ ਸ਼ੁਰੂ ਹੋਣ ਤੋਂ ਪਹਿਲਾਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। ਜੇ ਤੁਹਾਨੂੰ ਹੋਰ ਸਪਸ਼ਟਤਾ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰੋ। ਵਿਦਿਆਰਥੀਆਂ ਨੂੰ ਆਪਣੀ ਪੂਰੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਕਿਉਂਕਿ ਇਹਨਾਂ ਨਾਲ ਸੂਬੇ ਅਤੇ ਸਕੂਲ ਜ਼ਿਲ੍ਹੇ ਨੂੰ ਇਸ ਗੱਲ ਬਾਰੇ ਜਾਣਕਾਰੀ ਭਰਪੂਰ ਫੈਸਲਾ ਕਰਨ ਵਿੱਚ ਮਦਦ ਮਿਲਦੀ ਹੈ ਕਿ ਸਿੱਖਿਆਰਥੀਆਂ ਦਾ ਸਮਰਥਨ ਕਰਨ ਲਈ ਸਕੂਲਾਂ ਨੂੰ ਬਿਹਤਰ ਢੰਗ ਨਾਲ ਵਸੀਲੇ ਕਿਵੇਂ ਪ੍ਰਦਾਨ ਕੀਤੇ ਜਾਣ।

**ਮੈਂ ਹੋਰ ਜਾਣਕਾਰੀ ਕਿੱਥੋਂ ਲੈ ਸਕਦਾ/ਸਕਦੀ ਹਾਂ?**

ਜਾਣਕਾਰੀ ਤੁਹਾਡੇ ਜ਼ਿਲ੍ਹੇ ਅਤੇ ਸਕੂਲ ਵੱਲੋਂ ਦਿੱਤੀ ਜਾਵੇਗੀ। ਤੁਸੀਂ ਵਿਦਿਆ ਮਹਿਕਮੇ (ਮਨਿਸਟਰੀ ਆਫ ਐਜੂਕੇਸ਼ਨ) ਦੇ ਵੈੱਬਸਾਈਟ ਤੋਂ ਵੀ ਜਾਣਕਾਰੀ ਲੈ ਸਕਦੇ ਹੋ: **http://www.bced.gov.bc.ca/assessment/fsa/**